# 3
# ਜ਼ਿੰਦਗੀ

ਸਾਡੇ ਅੰਦਰ ਅਤੇ ਆਲੇ-ਦੁਆਲੇ ਕੁਝ ਅਜਿਹਾ ਹੈ ਜਿਸਨੂੰ ''ਜ਼ਿੰਦਗੀ'' ਕਿਹਾ ਜਾਂਦਾ ਹੈ। ਇਹ ਹੈ ਕੀ, ਕੋਈ ਨਹੀਂ ਜਾਣਦਾ। ''ਜ਼ਿੰਦਗੀ ਕੀ ਹੈ?'' ਦੇ ਇਕ ਮਾਸਟਰ ਦੇ ਸਵਾਲ ਦੇ ਜਵਾਬ ਵਿਚ ਜਮਾਤ ਵਿਚ ਸੌਣ ਵਾਲੇ ਇਕ ਮੁੰਡੇ ਨੇ ਕਿਹਾ, ''ਮੈਨੂੰ ਪਤਾ ਸੀ ਪਰ ਯਾਦ ਨਹੀਂ ਆ ਰਿਹਾ।'' ਮਾਸਟਰ ਦਾ ਜਵਾਬ ਸੀ, ''ਕਿੰਨੇ ਅਫ਼ਸੋਸ ਦੀ ਗੱਲ ਹੈ। ਇੱਕੋ ਬੰਦਾ ਸੀ ਜਿਸ ਨੂੰ ਪਤਾ ਸੀ ਕਿ ਜ਼ਿੰਦਗੀ ਕੀ ਹੈ ਅਤੇ ਉਹ ਵੀ ਭੁੱਲ ਗਿਆ ਹੈ।'' ਜ਼ਿੰਦਗੀ ਦੇ ਵਜੂਦ ਦੇ ਨਿਸ਼ਾਨਾਂ (ਜਿਵੇਂ ਉਪਾਚਨ, ਵਿਕਾਸ, ਵਧਣਾ ਅਤੇ ਪ੍ਰਜਨਨ) ਵਿਚ ਵੇਖਿਆ ਜਾ ਸਕਦਾ ਹੈ ਪਰ ਇਸਦੀ ਸਹੀ-ਸਹੀ ਪ੍ਰਕਿਰਿਆ ਪਹੇਲੀ ਹੀ ਹੈ। *ਇੰਸਾਈਕਲੋਪੀਡੀਆ ਅਮੈਰਿਕਾਨਾ* ਵਿਚ ਕਿਹਾ ਗਿਆ ਹੈ ਕਿ ''ਜ਼ਿੰਦਗੀ ਦੀ ਅੱਜ ਤਕ ਦੀ ਕੋਈ ਵੀ ਪਰਿਭਾਸ਼ਾ ਸੰਤੋਸ਼ਜਨਕ ਨਹੀਂ ਹੈ।''[1] ਸੰਸਾਰ ਦੇ ਚੌਗਿਰਦੇ ਦੀ ਅੱਜ ਦੀ ਸ਼ਕਲ ਦੇ ਚਾਰਲਸ ਡਾਰਵਿਨ ਦੇ ਅਧਿਐਨ ਦੇ ਬਾਅਦ,[2] ਉਸਦੇ ਬੇਟੇ ਪ੍ਰੋਫ਼ੈਸਰ ਜੌਰਜ ਡਾਰਵਿਨ ਨੇ ਟਿੱਪਣੀ ਕੀਤੀ ਸੀ, ''ਜ਼ਿੰਦਗੀ ਦਾ ਭੇਤ ਅਜੇ ਵੀ ਬਰਕਰਾਰ ਹੈ।''[3] ਲੌਰਡ ਕੈਲਵਿਨ ਨੂੰ ਆਪਣੇ ਸਾਥੀ ਵਿਗਿਆਨਕ ਬੈਰਨ ਜਸਟਸ ਵੌਨ ਲੇਬਿਗ ਤੋਂ ਰਸਾਇਣਕ ਸ਼ਕਤੀ ਨਾਲ ਘਾਹ ਉਡਾਉਣ ਲਈ ਕਹਿਣ ਤੇ ਜਵਾਬ ਮਿਲਿਆ ਕਿ ''ਜੀਵ ਵਿਗਿਆਨ ਦੀਆਂ ਕਿਤਾਬਾਂ ਤੋਂ ਬਾਹਰ ਨਹੀਂ।''

ਜੇ ਜ਼ਿੰਦਗੀ ਦੀ ਪਰਿਭਾਸ਼ਾ ਦਿੱਤੀ ਜਾ ਸਕਦੀ ਹੈ, ਪਰ ਇਸ ਵਿਚ ਇਸਦਾ ਆਦਰ ਕਰਨ ਦਾ ਹੁਕਮ ਹੈ ਅਤੇ ਇਸ ਨਾਲ ਲੋਕਾਂ ਦੇ ਮਨ ਜ਼ਿੰਦਗੀ ਦੇਣ ਵਾਲੀ ਸ਼ਕਤੀ ਵੱਲ ਮੁੜਨੇ ਚਾਹੀਦੇ ਹਨ।

ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਰਚਣਹਾਰੇ ਨੂੰ ਮੰਨੇ ਬਗੈਰ ਤੱਤ ਦੇ ਵਜੂਦ ਦੀ ਵਿਆਖਿਆ ਕਰਨੀ ਨਾਮੁਕਿਨ ਹੈ। ਸੇਬ ਦਾ ਬੂਟਾ ਬਣਾਉਣ ਵਾਲੇ ਦੀ ਕਲਪਨਾ ਨਾ ਕਰੀਏ ਤਾਂ ਇਹ ਇਕ ਰਹੱਸ ਬਣ ਜਾਂਦਾ ਹੈ। ਸੇਬ ਬਣਾਉਣ ਵਾਲੇ ਰਸਾਇਨਿਕ ਤੱਤ ਆਪਣੇ ਆਪ ਹੀ ਨਹੀਂ ਬਣ ਗਏ, ਅਤੇ ਸੇਬ ਦੇ ਬੀ ਵਿਚ ਕੁਝ ਅਜਿਹਾ ਹੈ ਜਿਸਨੂੰ ਵਿਸ਼ਲੇਸ਼ਣਾਤਮਕ ਰਸਾਇਣ ਵਿਗਿਆਨ ਨਹੀਂ ਦੱਸ ਸਕਦਾ ਹੈ। ਉਸ ਛੋਟੇ ਜਿਹੇ ਬੀ ਨੂੰ ਪੁੰਗਰਣ ਅਤੇ ਆਪਣੀਆਂ ਜੜ੍ਹਾਂ ਮਿੱਟੀ ਦੇ ਅੰਦਰ ਤਕ ਲੈ ਜਾਣ ਦੀ ਕਿਤਿਓਂ ਸ਼ਕਤੀ ਮਿਲਦੀ ਹੈ। ਜੜ੍ਹਾਂ ਦੇ ਜਕੜਨ ਦੇ ਕੰਮ ਤੋਂ ਇਲਾਵਾ ਕੋਈ ਸ਼ਕਤੀ ਉਹਨੂੰ ਪਾਣੀ ਅਤੇ ਖ਼ੁਰਾਕੀ ਤੱਤ ਸੋਕਣ ਦੀ ਯੋਜਨਾ ਦਿੰਦੀ ਹੈ। ਕੋਈ ਸ਼ਕਤੀ ਹੈ ਜੋ ਜੜ੍ਹਾਂ ਨੂੰ ਉਸ ਪਾਸੇ ਭੇਜਦੀ ਹੈ ਜਿੱਥੇ ਬਹੁਤ ਸਾਰਾ ਪਾਣਪੁੰਗੀ ਹੈ।

ਉਸ ਛੋਟੇ ਜਿਹੇ ਬੀ ਵਿਚ ਪੁੰਗਰ ਕੇ ਧਰਤੀ ਦੇ ਬਾਹਰ ਨਿੱਕਲ ਕੇ ਸੂਰਜ ਦੀ ਰੌਸ਼ਨੀ ਵਿਚ ਉੱਪਰ ਜਾਣ ਦੀ ਸ਼ਕਤੀ ਹੈ। ਉਸਦੇ ਉੱਪਰ ਵੱਲ ਵਧਣ ਨਾਲ ਟਹਿਣੀਆਂ ਅਤੇ ਪੱਤਿਆਂ ਵਿਚ ਜ਼ਮੀਨ 'ਚੋਂ ਕੀਮਤੀ ਅਤੇ ਜ਼ਰੂਰੀ ਤਰਲ ਪਦਾਰਥ ਗੁਰਤਾਕਰਸ਼ਣ ਦੇ ਉਲਟ ਉੱਪਰ ਲੈ ਜਾਂਦੇ ਹਨ। ਕੋਈ ਸ਼ਕਤੀ ਹੈ ਜੋ ਪੱਤਿਆਂ ਨੂੰ ਇਕ ਰਸਾਇਣਕ ਫ਼ੈਕਟਰੀ ਬਣਾਉਂਦੀ ਹੈ ਜਿਸ ਤੋਂ ਉਹ ਸੂਰਜ ਦੀ ਰੌਸ਼ਨੀ ਦੀ ਵਰਤੋਂ ਕਰਕੇ ਕਾਰਬਨਡਾਈਆਕਸਾਈਡ ਕੱਢਦੇ ਹਨ। ਕਾਰਬਨ ਦੀ ਵਰਤੋਂ ਕਾਰਬੋਹਾਈਡ੍ਰੇਟ ਬਣਾਉਣ ਵਿਚ ਹੁੰਦੀ ਹੈ ਜਿਸ ਤੋਂ ਸੇਬ ਬਣਦਾ ਹੈ। ਸੇਬ ਨੂੰ ਬੜੀ

ਸਫ਼ਾਈ ਨਾਲ ਪੈਕ ਕਰਨਾ ਵੀ ਆਪਣੇ ਆਪ ਵਿਚ ਸੌਖਾ ਕੰਮ ਨਹੀਂ ਹੈ। ਅਖ਼ੀਰ 'ਚ, ਕਿਸੇ ਸ਼ਕਤੀ ਨੇ ਸੇਬ ਦੀ ਫ਼ੈਕਟਰੀ ਤੋਂ ਭਵਿੱਖ ਵਿਚ ਅਤੇ ਆਡਰ ਲੈਣ ਲਈ ਉਸ ਵਿਚ ਨਵੇਂ ਬੀ ਪਾਉਣ ਦਾ ਵਿਚਾਰ ਕੀਤਾ।

ਸਿਰਫ਼ ਪਦਾਰਥ ਦੇ ਵਜੂਦ ਤੋਂ ਬੂਟੇ ਦੀ ਜ਼ਿੰਦਗੀ ਦੇ ਵਜੂਦ ਤਕ ਉੱਪਰ ਜਾਣ ਅਤੇ ਉੱਥੋਂ ਕੀੜੇ ਦੀ ਜ਼ਿੰਦਗੀ ਤਕ ਸਭ ਤੋਂ ਵੱਡੀ ਮੰਗ ਇਕ ਤਾਕਤਵਰ, ਬੁੱਧੀਮਾਨ ਰਚਣਹਾਰੇ ਦੀ ਹੁੰਦੀ ਹੈ। ਉਦਾਹਰਣ ਲਈ, ਇਕ ਨਿੱਕਾ ਜਿਹਾ ਕਮਜ਼ੋਰ ਕੀੜਾ ਜੋ ਸਿਰਫ਼ ਹਿੱਲ-ਜੁਲ ਹੀ ਸਕਦਾ ਹੈ, ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਪ ਨੂੰ ਉੱਛਲਣ ਵਾਲੀ ਇਕ ਕਾਰੀਗਰ ਮਸ਼ੀਨ ਵਿਚ ਬਦਲ ਲੈਂਦਾ ਹੈ, ਜਿਸ ਵਿਚ ਐਨਟੀਨਾ ਗਤੀਸੂਚਕ ਯੰਤਰ ਅਤੇ ਖੰਭ ਲੱਗੇ ਹੋਏ ਹੁੰਦੇ ਹਨ। ਉਹ ਅਨੋਖਾ ਹਵਾਈ ਜਹਾਜ਼, ਜੋ ਸਾਡੀ ਨਜ਼ਰ ਤੋਂ ਵੀ ਵੱਧ ਤੇਜ਼ ਉੱਡਦਾ ਹੈ, ਛੇ ਲੱਤਾਂ ਨਾਲ ਹਵਾਈ ਪੱਟੀ ਤੇ ਅੱਧਾ ਚੱਕਰ ਲਾ ਕੇ ਉੱਪਰ-ਹੇਠਾਂ ਉੱਡਦਾ ਹੈ। ਉਹ ਰਨ-ਵੇ ਦੇ ਬਗੈਰ ਹੀ ਇਕਦਮ ਉਡਾਣ ਭਰ ਸਕਦਾ ਹੈ। ਮੱਖੀ ਦੀ ਉਡਾਣ ਯੋਗਤਾ ਵਾਂਗ ਹੀ ਵਿਗਿਆਨਕ ਲਾਰਵਾ ਤੋਂ ਪਿਊਪਾ ਅਤੇ ਪਿਊਪਾ ਤੋਂ ਮੱਖੀ ਬਣਨ ਵਿਚ ਆਉਣ ਵਾਲੇ ਬਦਲਾਅ ਨੂੰ ਸਮਝ ਨਹੀਂ ਸਕਦੇ। ਜਦ ਉਹ ਅਣਜੰਮੇ ''ਭਰੂਣਾਂ'' ਜਾਂ ''ਡੀ. ਐਨ. ਏ. ਦੇ ਨਿਰਦੇਸ਼ਾਂ'' ਦੀ ਗੱਲ ਕਰਦੇ ਹਨ ਤਾਂ ਉਹ ਕਹਿ ਰਹੇ ਹੁੰਦੇ ਹਨ ਕਿ ਜਿੰਨਾ ਉਹ ਸਮਝ ਸਕਦੇ ਸਨ ਸਮਝ ਚੁਕੇ ਹਨ, ਅਤੇ ''ਖ਼ੁਦਾ ਹੈ'' ਕਹਿਣ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਹੈ।

ਹਜ਼ਾਰਾਂ ਉਦਾਹਰਣਾਂ ਵਿੱਚੋਂ ਇਕ ਉਦਾਹਰਣ ਸਾਈਕੇਲਾ (ਇਕ ਕੀੜਾ) ਦੀ ਹੈ, ਜਿਸ ਨੂੰ ਆਮ ਤੌਰ ਤੇ ''ਸਤਾਰਾਂ ਸਾਲਾਂ ਦੀ ਟਿੱਡੀ'' ਕਿਹਾ ਜਾਂਦਾ ਹੈ। ਸਾਈਕੇਲਾਵਾਂ ਦੇ ਅੱਡੋ-ਅੱਡ ਚੱਕਰ ਹੁੰਦੇ ਹਨ, ਜਿਸ ਵਿਚ ਸਤਾਰਾਂ ਸਾਲ ਦਾ ਹੋਣਾ ਸਭ ਤੋਂ ਲੰਮਾ ਹੈ। ਲਗਭਗ ਹਰ ਸਤ੍ਹਾਰਵੇਂ ਸਾਲ 24 ਮਈ ਵਾਲੇ ਦਿਨ, ਇਹ ਕੀੜੇ ਸਤਾਰਾਂ ਸਾਲ ਦੇ ਜ਼ਿੰਦਗੀ ਦੇ ਬਾਹਰ ਆਉਣ ਲਈ ਅਠਾਰਾਂ ਇੰਚ ਤਕ ਜ਼ਮੀਨ ਦੇ ਅੰਦਰੋਂ ਹਿਮ ਰੇਖਾ ਦੇ ਹੇਠੋਂ ਉੱਪਰ ਚੜ੍ਹਦੇ ਹਨ। ਬਾਹਰ ਆਉਣ ਤੇ ਵੀ ਉਹ ਪਲਾਸਟਿਕ ਵਰਗੀ ਸੁਰੱਖਿਆ ਝਿੱਲੀ ਵਿਚ ਖੰਭ ਜਿੰਨ੍ਹਾਂ ਦੀ ਪਹਿਲਾਂ ਕਦੇ ਵਰਤੋਂ ਨਹੀਂ ਕੀਤੀ ਗਈ ਹਵਾ ਵਿਚ ਸੁਕਾਏ ਜਾਂਦੇ ਹਨ। ਮਿਲਨ ਦੇ ਬਾਅਦ ਤਿੱਖੇ ਦੰਦਾਂ ਵਾਲੀ ਮਾਦਾ ਆਂਡਿਆਂ ਅਤੇ ਰੁੱਖ ਦੇ ਅੰਦਰ ਤਕ ਤਿੰਨ ਚੌਥਾਈ ਟਹਿਣਾ ਕੱਟਦੀ ਹੈ। ਟਹਿਣਾ ਸੁੱਕ ਕੇ ਸਾਈਕੇਲਾਂ ਦੇ ਆਂਡਿਆਂ ਸਣੇ ਧਰਤੀ ਤੇ ਡਿੱਗ ਜਾਂਦਾ ਹੈ। ਆਂਡਿਆਂ ਵਿੱਚੋਂ ਨਿੱਕਲ ਕੇ ਲਾਰਵਾ ਜ਼ਮੀਨ ਵਿਚ ਜਾ ਫੇਰ ਤੋਂ ਸਤਾਰਾਂ ਸਾਲਾਂ ਦਾ ਚੱਕਰ ਸ਼ੁਰੂ ਕਰ ਦਿੰਦਾ ਹੈ। ਸਾਈਕੇਲਾ ਤਿੰਨ ਹਫ਼ਤੇ ਹੀ ਜ਼ਿੰਦਾ ਰਹਿੰਦੇ ਹਨ ਅਤੇ ਕਦੇ ਆਪਣੇ ਬੱਚਿਆਂ ਨੂੰ ਨਹੀਂ ਵੇਖ ਪਾਉਂਦੇ। ਉਨ੍ਹਾਂ ਨੂੰ ਅਜਿਹਾ ਕਰਨ ਲਈ ਕੌਣ ਆਖਦਾ ਹੈ? ਧਰਤੀ ਦੇ ਬਾਹਰ ਆਪਣੇ ਤਿੰਨ ਹਫ਼ਤੇ ਦੀ ਇਸ ਜ਼ਿੰਦਗੀ ਵਿਚ ਉਹ ਪੰਛੀਆਂ ਤੋਂ ਬਚਾਅ ਲਈ ਇਕ ਅਸਹਿ ਅਵਾਜ਼ ਕੱਢਦੇ ਹਨ। ਪ੍ਰਿੰਸਟਨ ਯੂਨੀਵਰਸਿਟੀ ਰਿਸਰਚ ਲਬਾਟਰੀ ਦੇ ਡਾਕਟਰ ਏ. ਜੇਮਸ ਸਿਮਨਜ਼ ਕਹਿੰਦੇ ਹਨ ਕਿ ਉਹ ਤੇਜ਼ ਰੌਲਾ ਸੱਠ ਫੁੱਟ ਦੂਰੋਂ ਅੱਸੀ ਤੋਂ ਇਕ ਸੌ ਡੈਸੀਬਲ ਤਕ ਮਾਪਿਆ ਜਾ ਸਕਦਾ ਹੈ। ਇਹ ਅਵਾਜ਼ ਕੰਨ ਦੇ ਪਰਦੇ ਨੂੰ ਨੁਕਸਾਨ ਪਹੁੰਚਾਉਂਦੀ ਹੈ ਜਿਸ ਕਰਕੇ ਪੰਛੀ ਅਤੇ ਹੋਰ ਜਾਨਵਰ ਉਨ੍ਹਾਂ ਤੋਂ ਦੂਰ ਰਹਿੰਦੇ ਹਨ। ਕਿਸਨੇ ਇਸ ਸਾਈਕੇਲਾਂ ਨੂੰ ਛੋਟੀ ਜਿਹੀ ਮਾਸਪੇਸ਼ੀ ਦਿੱਤੀ ਜੋ ''ਅਵਾਜ਼ ਨਿਕਲਣ'' ਤੋਂ ਥੋੜ੍ਹੀ ਦੇਰ ਪਹਿਲਾਂ ਹੀ ਉਸਦੇ ਕੰਨ ਦੇ ਪਰਦੇ ਨੂੰ ਆਪੇ ਬੰਦ ਕਰ ਦਿੰਦੀ ਹੈ। ਵਿਗਿਆਨੀ ਇਹ ਤਾਂ ਜਾਣਦੇ ਹਨ ਕਿ ਇਹ ਮਾਸਪੇਸ਼ੀ ਕੰਮ ਕਿਵੇਂ ਕਰਦੀ ਹੈ, ਪਰ ਉਹ ਇਹ ਪਤਾ ਨਹੀਂ ਲਾ ਸਕੇ ਕਿ ਸਾਈਕੇਲਾਵਾਂ ਦੀ ਇਕ ਪੀੜ੍ਹੀ ਨੂੰ ਬਸੰਤ ਰੁੱਤ ਵਿਚ ਮਿਲਾਪ

ਕਰਕੇ ਅਤੇ ਆਪਣੀ ਨਸਲ ਨੂੰ ਬਚਾਈ ਰੱਖਣ ਦੀ ਗੱਲ ਕਿਸ ਨੇ ਦੱਸੀ। ਨਾ ਹੀ ਉਹ ਇਹ ਸਮਝਾ ਸਕਦੇ ਹਨ ਕਿ ਸਤਾਰ੍ਹਾਂ ਸਾਲਾਂ ਦੇ ਅਣਜੰਮੇ ਪੰਚਾਂਗ ਕੀ ਹਨ ਜਿਨ੍ਹਾਂ ਨੂੰ ਸਾਈਕੇਲਾ ਆਪਣੇ ਨਾਲ ਜ਼ਮੀਨਦੋਜ਼ ਕਰ ਲੈਂਦਾ ਹੈ।

ਜ਼ਿੰਦਗੀ ਦਾ ਅਜਿਹਾ ਹੀ ਇਕ ਹੋਰ ਰਹੱਸਮਈ ਰੂਪ ਪੰਛੀਆਂ ਵਿਚ ਵੇਖਿਆ ਜਾਂਦਾ ਹੈ। ਘੁੱਗੀਆਂ ਵਿਚ, ਚੌਦਾਂ ਤੋਂ ਉੱਨੀ ਦਿਨ ਤਕ ਦਿਨ ਨੂੰ ਨਰ ਅਤੇ ਰਾਤ ਨੂੰ ਮਾਦਾਵਾਂ ਆਂਡਿਆਂ ਤੇ ਬੈਠਦੀਆਂ ਹਨ। ਜੇ ਇਹ ਸਿਰਫ਼ ਰਸਾਇਣਾਂ ਦਾ ਥੈਲਾ ਹੀ ਹੈ, ਤਾਂ ਕੋਈ ਹੈਰਾਨ ਹੋ ਸਕਦਾ ਹੈ ਕਿ ਉਹ ਲਗਭਗ ਇਕ ਮਹੀਨੇ ਤਕ ਆਪਣੇ ਆਪ ਨੂੰ ਅਜ਼ਾਦੀ ਤੋਂ ਵਾਂਝਿਆ ਕਿਉਂ ਰੱਖਦੇ ਹਨ। ਸਮਰਾਟ ਪੈਂਗਵਿਨ (ਉਡਾਣਹੀਣ ਸਮੁੰਦਰੀ ਪੰਛੀ) ਵਿਚ ਨਰ ਹੀ ਬਿਨਾ ਕੁਝ ਖਾਧੇ ਸੱਠ ਦਿਨ ਆਂਡਿਆਂ ਤੇ ਬੈਠਦਾ ਹੈ। ਇਸਦੀ ਰਸਾਇਣਿਕ ਵਿਆਖਿਆ ਤਾਂ ਬਹੁਤ ਹੀ ਦਿਲਚਸਪ ਹੋਵੇਗੀ। ਕਿਸੇ ਨੂੰ ਪਤਾ ਨਹੀਂ ਕਿ ਇਕਾਂਤ ਵਿਚ ਪਲੇ, ਕੈਨਰੀ (ਕੈਨਰੀ ਦੀਪ ਦੀ ਗਾਇਕ ਚਿੜੀ) ਆਪਣੇ ਪੂਰਵਜਾਂ ਵਾਂਗ ਹੀ ਆਲ੍ਹਣਾ ਬਣਾ ਲੈਂਦੇ ਹਨ। ਲਬਾਰਟਰੀ ਵਿਚ ਇਹ ਵਿਆਖਿਆ ਨਹੀਂ ਕੀਤੀ ਜਾ ਸਕਦੀ ਕਿ ਕੈਲੀਫ਼ੋਰਨੀਆ ਦੇ ਸਾਨ ਜੁਆਨ ਕੈਪੀਸਟ੍ਰੋਨੋ ਦੇ ਅਬਾਬੀਲ ਸਿਆਲ ਕੱਟਣ ਲਈ ਅਕਤੂਬਰ 23 ਦੇ ਨੇੜੇ-ਤੇੜੇ ਮਿੱਟੀ ਦੇ ਆਪਣੇ ਆਲ੍ਹਣੇ ਛੱਡ ਕੇ ਦੱਖਣ ਵਿਚ ਮਾਰਚ 19 ਨੂੰ ਵਾਪਸ ਮੁੜ ਜਾਂਦੇ ਹਨ। ਸਕੈਂਡਨਵੀਆ ਦੇ ਵਾਰਬਲਰ (ਪੰਛੀ) ਆਪਣੇ ਆਪ ਹੀ ਸਿਆਲ ਦੇ ਨੇੜੇ ਦੱਖਣੀ ਅਫ਼ਰੀਕਾ ਵਿਚ ਚਲੇ ਜਾਂਦੇ ਅਤੇ ਬਸੰਤ ਵਿਚ ਮੁੜ ਆਉਂਦੇ ਹਨ, ਭਾਂਵੇਂ ਉਹ ਉਨ੍ਹਾਂ ਦਾ ਪਹਿਲਾ ਪ੍ਰਵਾਸ ਹੀ ਕਿਉਂ ਨਾ ਹੋਵੇ।

ਕਰਕਰੀ ਪੰਛੀਆਂ ਦੀ ਆਰਕਟਿਕ ਤੋਂ ਅੰਟਾਰਟਿਕਾ ਤਕ ਦੀ 7,200 ਮੀਲ ਦੀ ਸਭ ਤੋਂ ਲੰਮੀ ਪ੍ਰਵਾਸੀ ਉਡਾਣ ਲੱਗਦੀ ਹੈ। ''ਇਨ੍ਹਾਂ ਦੀ ਇਸ ਖੂਬੀ ਦਾ ਰਹੱਸ ਅਜੇ ਤਕ ਕਿਸੇ ਨੂੰ ਪਤਾ ਨਹੀਂ ਹੈ।''[5] ਅੰਦਾਜ਼ੇ ਲਾਏ ਜਾਂਦੇ ਹਨ ਕਿ ਉਨ੍ਹਾਂ ਵਿਚ ''ਚੁੰਭਕੀ ਬੋਧ'' ਹੋ ਸਕਦਾ ਹੈ ਜਾਂ ਉਨ੍ਹਾਂ ਦੀਆਂ ਯੋਗਤਾਵਾਂ ਉਨ੍ਹਾਂ ਦੇ ''ਵੰਸ਼ਕ ਇਤਿਹਾਸ ਵਿਚ ਬਾਰ-ਬਾਰ ਹੋਣ ਵਾਲੀ ਘਟਨਾ ਕਰਕੇ'' ਹੋ ਸਕਦੀ ਹੈ ਜਾਂ, ਇਹ ਕਿਸੇ ''ਪੂਰਵਜ ਦੇ ਘਰ'' ਮੁੜ ਰਹੇ ਹੁੰਦੇ ਹਨ। ਇਹ ਅੰਦਾਜ਼ੇ ਸਿਰਫ਼ ਵਿਗਿਆਨਿਕ ਛਟਪਟਾਹਟ ਹਨ। ਸਾਢੇ 12 ਦਿਨ ਪਹਿਲਾਂ ਛੱਡੇ ਗਏ ਇਕ ਮੈਂਕਸ ਸ਼ੇਅਰ ਵਾਟਰ ਦੀ 3,200 ਮੀਲ ਦੂਰ ਮੈਸਾਚੂਏਟਸ ਦੇ ਵੇਲਜ਼ ਦੇ ਆਲ੍ਹਣੇ ਵਿਚ ਫੇਰ ਤੋਂ ਆ ਜਾਣ ਦਾ ਜਹਾਜ਼ਰਾਨੀ (ਸਮੁੰਦਰੀ ਸਫ਼ਰ) ਦਾ ਗਿਆਨ ਕਿਸੇ ਮਨੁੱਖੀ ਮਲਾਹ ਨੇ ਨਹੀਂ ਦਿੱਤਾ। ਖ਼ੁਦਾ ਵਿਚ ਵਿਸ਼ਵਾਸ ਕਰਨ ਵਾਲੇ ਆਦਮੀ ਨੂੰ ਪਤਾ ਹੈ ਕਿ ਇਨ੍ਹਾਂ ਪੰਛੀਆਂ ਨੂੰ ਦਿਸ਼ਾ ਅਤੇ ਸਮਾਂ ਸਾਰਣੀ ਕੌਣ ਦਿੰਦਾ ਹੈ, ਪਰ ਕਿਸੇ ਵੀ ਭੌਤਿਕਵਾਦੀ ਨੂੰ ਇਸਦੀ ਵਜ੍ਹਾ ਪਤਾ ਨਹੀਂ ਹੈ।

ਅਸਲ 'ਚ, ਛੋਟੇ ਜਾਨਵਰਾਂ ਅਤੇ ਬੂਟਿਆਂ ਵਿਚ ਜ਼ਿੰਦਗੀ ਦੀ ਗੱਲ ਹੋਵੇ ਜਾਂ ਵੱਡੇ ਜਾਨਵਰਾਂ ਵਿਚ, ਇਸਨੂੰ ਸਮਝਿਆ ਨਹੀਂ ਜਾ ਸਕਦਾ। ਜਦ ਕਿ ਜ਼ਿੰਦਗੀ ਦਾ ਹਰ ਉੱਚ ਰੂਪ ਵੱਖਰੇ ਢੰਗ ਨਾਲ ਸਿੱਧ ਕਰਦਾ ਹੈ ਕਿ ਜਿਸਨੇ ਇਹਨੂੰ ਬਣਾਇਆ ਹੈ ਉਹ ਆਪਣੇ ਆਪ ਵਿਚ ਜ਼ਿੰਦਗੀ ਦਾ ਅਤੇ ਵੱਡਾ ਰੂਪ ਹੈ।

ਉਦਾਹਰਣ ਲਈ 180 ਪੌਂਡ (ਕਰੀਬ 81.72 ਕਿੱਲੋ) ਦੇ ਸੇਂਟ ਬ੍ਰਨਾਰਡ ਕੁੱਤੇ ਤੇ ਵਿਚਾਰ ਕਰਨ ਜਿਸ ਨੇ ਆਪਣੀ ਮਾਲਕਣ ਦੀ ਜਾਨ ਬਚਾਉਣ ਲਈ ਆਪਣੇ ਆਪ ਨੂੰ ਜੋਖ਼ਿਮ ਵਿਚ ਪਾ ਲਿਆ। ਅਪ੍ਰੈਲ 1969 ਵਿਚ ਅਲਾਸਕਾ ਰਾਜ ਦੇ ਦਿਨਾਲੀ ਵਿਚ ਸ੍ਰੀਮਤੀ ਡੇਵਿਡ ਗ੍ਰੇਟਿਆਸ ਨੇ ਘਰ ਦੇ ਪਿਛਲੇ ਪਾਸੇ ਰੌਲਾ ਸੁਣਿਆ। 81.72 ਕਿੱਲੋ ਦੇ ਆਪਣੇ ਕੁੱਤੇ ਨੂੰ ਛੱਡ ਕੇ ਉਹ ਜਾਣ ਲੱਗੀ ਦਰਵਾਜ਼ਾ ਖੁੱਲ੍ਹਾ ਛੱਡ ਗਈ ਸੀ ਤਾਂ ਜੋ ਉਸਦੀ ਦੋ ਸਾਲ ਦੀ ਬੱਚੀ ਉੱਠ

ਜਾਵੇ ਤਾਂ ਉਸਦੀ ਅਵਾਜ਼ ਉਹਨੂੰ ਸੁਣ ਸਕੇ। ਘਰ ਦੇ ਪਿਛਲੇ ਪਾਸੇ ਉਸ ਨੂੰ ਭੂਰੇ ਰੰਗ ਦਾ ਰਿੱਛ ਦਾ ਇਕ ਬੱਚਾ ਵਿਖਾਈ ਦਿੱਤਾ। ਇਹ ਸੋਚ ਕੇ ਕਿ ਉਹਦੀ ਮਾਂ ਕਿਤੇ ਨੇੜੇ-ਤੇੜੇ ਹੀ ਹੋਏਗੀ ਉਹ ਆਪਣੇ ਬੱਚੇ ਕੋਲ਼ ਦੌੜੀ, ਪਰ ਘਰ ਦੀ ਨੁੱਕਰ ਤੇ ਉਸਨੂੰ ਉਸ ਬੱਚੇ ਦੀ ਮਾਂ ਨੇ ਕੱਟ ਲਿਆ। ਉਹ ਬਰਫ਼ ਤੇ ਡਿੱਗ ਪਈ, ਉਸਦੇ ਡਿੱਗਦਿਆਂ ਹੀ ਖਤਰਨਾਕ ਰਿੱਛ ਨੇ ਉਸ ਤੇ ਹਮਲਾ ਕਰ ਦਿੱਤਾ। ਸਹਿਮ ਅਤੇ ਖ਼ੂਨ ਨਿੱਕਲਣ ਕਰਕੇ ਬੇਹੋਸ਼ ਹੋਣ ਤੋਂ ਪਹਿਲਾਂ, ਉਸ ਨੇ ਆਪਣੇ ਕੁੱਤੇ ਨੂੰ ਰਿੱਛ ਨੂੰ ਲਲਕਾਰਦੇ ਵੇਖਿਆ ਸੀ। ਬੜੀ ਹੁਸ਼ਿਆਰੀ ਨਾਲ ਕੁੱਤਾ ਉਸ ਡਿੱਗੀ ਹੋਈ ਔਰਤ ਅਤੇ ਰਿੱਛ ਦੇ ਵਿਚਕਾਰ ਆ ਗਿਆ। ਅਖ਼ੀਰ ਰਿੱਛ ਉਹਨੂੰ ਛੱਡ ਕੇ ਨੱਸ ਗਿਆ। ਹੋਸ਼ ਆਉਣ ਤੇ ਉਸ ਔਰਤ ਨੇ ਵੇਖਿਆ ਕਿ ਕੁੱਤਾ ਉਸਦਾ ਮੂੰਹ ਚੱਟ ਰਿਹਾ ਸੀ।[6] ਜੇ ਕਿਸੇ ਦੀ ਫ਼ਿਲਾਸਫ਼ੀ ਸਿਰਫ਼ ਮਸ਼ੀਨੀ ਨੀਤੀਵਾਦ ਤਕ ਹੀ ਸੀਮਿਤ ਹੈ, ਤਾਂ ਉਹ ਇਹ ਨਹੀਂ ਸਮਝਾ ਸਕਦਾ ਕਿ 81.72 ਕਿੱਲੋ ਦਾ ਰਸਾਇਣ ਅਜਿਹਾ ਕਿਵੇਂ ਕਰ ਸਕਿਆ। ਵਫ਼ਾਦਾਰੀ ਅਤੇ ਦਲੇਰੀ ਕਾਰਬਨ ਅਤੇ ਕੈਲਸ਼ੀਅਮ ਦੇ ਦਾਇਰੇ ਤੋਂ ਬਾਹਰ ਹਨ।

ਉਨ੍ਹਾਂ 81.72 ਕਿੱਲੋ ਰਸਾਇਣਾਂ ਵਿਚ ਜ਼ਿੰਦਗੀ ਆਉਣ ਦਾ ਸਵਾਲ ਸਚਮੁੱਚ ਗੰਭੀਰ ਹੈ। ਜ਼ਿਆਦਾਤਰ ਵਿਗਿਆਨਕ ਆਖਦੇ ਹਨ ਕਿ ਉਹ ਮੂਲ ਤੌਰ ਤੇ ਆਦਿ ਕਾਲ ਦੇ ਤਲਾਬਾਂ ਵਿਚ ਭਰੇ ਹੋਏ ਜੈਵਿਕ ਅਣੂ ਸਨ। ਫ਼ਿਜ਼ਿਓ ਕੈਮੀਕਲ ਪ੍ਰਤੀਕਿਰਿਆ ਵਿੱਚੋਂ ਦੀ ਗੁਜ਼ਰਦਿਆਂ ਉਹ ਜ਼ਿੰਦਾ ਜੈਲੀ ਜਾਂ ਫੁੜਕਣ ਵਾਲਾ ਕਚਰਾ ਬਣ ਗਏ ਅਤੇ ਅਚਾਨਕ ਹੀ ਉਹ ਜੀਵ ਸੈੱਲ ਬਣ ਗਏ। ਵਿਗਿਆਨਿਕਾਂ ਦੀ ਸ਼ਬਦਾਵਲੀ ਵਿਆਪਕ ਤਾਂ ਬਹੁਤ ਹੈ, ਪਰ ਉਨ੍ਹਾਂ ਕੋਲ਼ ਕੋਈ ਸਬੂਤ ਨਹੀਂ ਹੈ। ਖ਼ੁਦਾ ਵਿਚ ਵਿਸ਼ਵਾਸ ਰੱਖਣ ਵਾਲਾ ਜੀਵ ਵਿਗਿਆਨੀ ਜੀਨ ਰੋਸਟੈਂਡ ਵੇਖਦਾ ਹੈ ਕਿ ਜ਼ਿੰਦਗੀ ਤੇ ਵਿਚਾਰ ਦੇਣ ਦੀ ਉਨ੍ਹਾਂ ਦੀ ਇਹ ਹਾਲਤ ਕਿੰਨੀ ਡਾਵਾਂਡੋਲ ਹੈ ਅਤੇ ਆਪਣੀ ਲਬਾਰਟਰੀ ਵਿਚ ਵਰਤਦਾ ਹੈ।[7] ਉਨ੍ਹਾਂ ਨੂੰ ਚਾਹੀਦਾ ਹੈ ਕਿ ਸਾਨੂੰ ਦੱਸਣ ਕਿ ਆਦਿ ਕਾਲ ਦੇ ਤਲਾਬ ਕਿਵੇਂ ਵਜੂਦ ਵਿਚ ਆਏ ਅਤੇ ਆਰਗੈਨਿਕ ਅਣੂ ਉੱਥੇ ਕਿਵੇਂ ਬਣੇ। ਉਹ ਤਲਾਬ ਅਤੇ ਅਣੂ ਜਾਂ ਤਾਂ ਸਿਫ਼ਰ ਤੋਂ ਆਏ, ਜਾਂ ਉਨ੍ਹਾਂ ਨੂੰ ਕਿਸੇ ਨੇ ਬਣਾਇਆ ਸੀ।

ਅਤੇ ਜਿਵੇਂ ਵਸਤੂ ਕਿਸੇ ਦੇ ਬਣਾਏ ਬਗੈਰ ਨਹੀਂ ਬਣ ਸਕਦੀ, ਉਵੇਂ ਹੀ ਵਸਤੂ ਵਿਚ ਜ਼ਿੰਦਗੀ ਵੀ ਉਹੀ ਦਿੰਦਾ ਹੈ, ਜੋ ਜ਼ਿੰਦਾ ਹੈ। ਜੇ ਉਸ ਸਰਵ ਉੱਚ ਵਜੂਦ ਵਾਲੇ ਵਿਚ ਤੱਤ ਜਾਂ ਵਸਤੂ ਵਿਚ ਜਾਨ ਪਾ ਸਕਣ ਦੀ ਸਮਰੱਥਾ ਹੈ, ਤਾਂ ਉਹ ਆਪ ਇਕ ਜ਼ਿੰਦਾ ਪ੍ਰਾਣੀ ਹੋਣ ਤੋਂ ਘੱਟ ਨਹੀਂ ਹੋ ਸਕਦਾ।

---

ਟਿੱਪਣੀਆਂ

[1] *ਇੰਸਾਈਕਲੋਪੀਡੀਆ ਅਮੈਰਿਕਾਨਾ,* 1954 ਅੰਕ, s.v. ‘‘ਲਾਈਫ਼।’’ [2]ਚਾਰਲਸ ਡਾਰਵਿਨ (1809-82) ਅੰਗ੍ਰੇਜ਼ ਪ੍ਰਕ੍ਰਿਤੀਵਾਦੀ ਸੀ ਜਿਸ ਨੇ ਕੁਦਰਤ ਦੀ ਚੋਣ ਕਰਕੇ ਵਿਕਾਸਵਾਦ ਦੀ ਸਿੱਖਿਆ ਅਰੰਭ ਕੀਤੀ। ਉਹਨੇ ਮਸ਼ਹੂਰ ਅਤੇ ਵਿਵਾਦਭਰੀ ਕਿਤਾਬ *ਓਰਿਜਿਨ ਆਫ਼ ਸਪਿਸੀਜ਼* ਵੀ ਲਿਖੀ। [3]ਸਿਡਨੀ ਕੌਲੇਟ, *ਆਲ ਅਬਾਊਟ ਦ ਬਾਈਬਲ* (ਨਿਊ ਯਾਰਕ: ਫ਼ਲੇਮਿੰਗ ਐਚ. ਰੇਵਲ ਕੰ., ਮਿਤੀ ਰਹਿਤ), 212. [4]ਰੁਦਰਫ਼ੋਰਡ ਪਲੈਟ, ‘‘ਦੋਜ਼ ਰਿਮਾਰਕੇਬਲ ‘ਟੂ ਐਨੀਮਲ’ ਐਨੀਮਲਜ਼,’’ *ਰੀਡਰ’ਜ਼ ਡਾਈਜੈਸਟ* (ਜੁਲਾਈ 1970): 33-40. [5] *ਇੰਸਾਈਕਲੋਪੀਡੀਆ ਬ੍ਰਿਟੈਨਿਕਾ*(1969 ਅੰਕ), s.v. ਸੀ. ਬੀ. ਵਿਲੀਅਮਜ਼ ਦੀ ‘‘ਮਾਈਗ੍ਰੇਸ਼ਨ, ਐਨੀਮਲਜ਼।’’ [6] *ਡੇਅਲੀ ਓਕਲਾਹੋਮਾ,* 18 ਅਗਸਤ 1970, 12. [7]ਜੀਨ ਰੋਸਟਲੈਂਡ, *ਏ ਬਾਇਓਲੋਜਿਸਟ’ਜ਼ ਵਿਊ* (ਮੈਲਬੋਰਨ: ਵਿਲੀਅਮ ਹੇਅਨਮੈਨ, ਲਿ., 1956), 23, *Ce Que Je Crois* ਤੋਂ ਅਨੁਵਾਦ ਹੋਇਆ (ਪੈਰਿਸ: ਐਡਿਸ਼ੰਜ਼ ਬ੍ਰਨਾਰਡ ਗ੍ਰੈਮੈੱਟ)।